# ਕਰੋਨਾ ਵਾਇਰਸ: ਨਵਜਾਤਾਂ ਦੇ ਸਬੰਧ ਵਿਚ ਮਾਪਿਆਂ ਲਈ ਜਾਣਕਾਰੀ

NHS

**ਭਾਵੇਂ ਕਿ ਜ਼ੋਖਮ ਬਹੁਤ ਘੱਟ ਹਨ, ਤੁਸੀਂ ਇਸ ਬਾਰੇ ਚਿੰਤਤ ਹੋ ਸਕਦੇ ਹੋ ਕਿ ਤੁਹਾਡੇ ਬੱਚੇ ਨੂੰ ਕਰੋਨਾ ਵਾਇਰਸ ਹੋ ਸਕਦਾ ਹੈ। ਇਹ ਪਰਚਾ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਿਹੜੀਆਂ ਚੀਜ਼ਾਂ ਦਾ ਧਿਆਨ ਰੱਖਣਾ ਹੈ। ਜੇ ਤੁਹਾਨੂੰ ਕੋਈ ਚਿੰਤਾਵਾਂ ਹਨ ਤਾਂ ਮਦਦ ਮੰਗਣ ਵਿਚ ਦੇਰੀ ਨਾ ਕਰੋ।**

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਬੱਚੇ ਨੂੰ ਕਰੋਨਾ ਵਾਇਰਸ ਹੈ?

ਵਾਇਰਸ ਦੇ ਨਾਲ ਗ੍ਰਸਤ ਬਹੁਤੇ ਬੱਚੇ ਬਿਮਾਰੀ ਦਾ ਲੱਛਣ ਨਹੀਂ ਦਿਖਾਉਣਗੇ ਅਤੇ ਪੂਰੀ ਤਰ੍ਹਾਂ ਠੀਕ ਹੋ ਜਾਣਗੇ। ਕੁਝ ਨੂੰ ਅਸਥਿਰ ਬੁਖਾਰ ਅਤੇ/ਜਾਂ ਖਾਂਸੀ ਵਿਕਸਿਤ ਹੋ ਸਕਦੀ ਹੈ। ਜ਼ਰੂਰੀ ਨਹੀਂ ਹੈ ਕਿ ਲਾਗ ਗ੍ਰਸਤ ਬੱਚੇ ਹਮੇਸ਼ਾਂ ਬੁਖਾਰ ਵਿਕਸਤ ਕਰਨਗੇ।

- ਜੇ ਤੁਹਾਡੇ ਬੱਚੇ ਨੂੰ ਖਾਂਸੀ, ਬੁਖਾਰ ਹੈ, ਅਸਧਾਰਣ ਰੂਪ ਵਿਚ ਗਰਮ ਜਾਂ ਠੰਡਾ ਜਾਪਦਾ ਹੈ, ਪਰ ਵੈਸੇ ਠੀਕ ਹੈ ਤਾਂ ਐਨ ਐਚ ਐਸ (**NHS**) ਨੂੰ **111** 'ਤੇ ਕਾੱਲ ਕਰੋ।

- ਜੇ ਤੁਹਾਡੇ ਬੱਚੇ ਨੂੰ ਪੀਲੀਆ ਹੋਇਆ ਹੈ ਜਾਂ ਸਹੀ ਖੁਰਾਕ ਨਹੀਂ ਲੈ ਰਿਹਾ ਤਾਂ ਆਪਣੀ ਮਿਡਵਾਇਫ਼ਰੀ ਟੀਮ ਨੂੰ ਕਾੱਲ ਕਰੋ

- ਜੇ ਤੁਹਾਡਾ ਬੱਚਾ ਅਜਿਹੇ ਕੋਈ ਲੱਛਣ ਦਿਖਾਉਂਦਾ ਹੈ ਜਿਸ ਨਾਲ ਤੁਹਾਨੂੰ ਉਨ੍ਹਾਂ ਦੇ ਸਾਹ ਲੈਣ, ਉਨ੍ਹਾਂ ਦੇ ਰੰਗ ਜਾਂ ਹਰਕਤ ਦੇ ਸਬੰਧ ਵਿਚ ਚਿੰਤਾ ਹੁੰਦੀ ਹੈ ਤਾਂ ਸਿੱਧਾ ੯੯੯ ਨੂੰ ਕਾੱਲ ਕਰੋ।

('ਨਵਜਾਤ ਬੱਚਿਆਂ ਵਿਚ ਬਿਮਾਰੀ' ਪਰਚੇ ਵਿਚ ਹੋਰ ਜਾਣਕਾਰੀ ਦੇਖੋ)

## ਮਦਦ ਕਿਵੇਂ ਕੀਤੀ ਜਾਵੇ

**ਇਹ ਕਰਕੇ ਆਪਣੇ ਬੱਚੇ ਦੇ ਕਰੋਨਾ ਵਾਇਰਸ ਗ੍ਰਸਤ ਹੋਣ ਦੇ ਜ਼ੋਖਮ ਨੂੰ ਘਟਾਓ:**

- ਬੱਚੇ, ਬ੍ਰੈਸਟ ਪੰਪਾਂ ਜਾਂ ਬੋਤਲਾਂ ਨੂੰ ਛੂਹਣ ਤੋਂ ਪਹਿਲਾਂ ਹੱਥ ਧੋਣਾ
- ਨੈਪੀ ਬਦਲਣ ਤੋਂ ਬਾਅਦ ਅਤੇ ਪਰਿਵਾਰ ਦੇ ਦੂਜੇ ਮੈਂਬਰਾਂ ਨਾਲ ਸੰਪਰਕ ਤੋਂ ਬਾਅਦ ਹੱਥ ਧੋਣਾ
- ਬੱਚੇ ਨੂੰ ਫੀਡ ਦਿੰਦਿਆਂ ਖਾਂਸੀ ਕਰਨ ਜਾਂ ਨਿੱਛ ਮਾਰਨ ਤੋਂ ਬੱਚਣਾ
- ਹਰ ਵਾਰ ਵਰਤੋਂ ਦੇ ਬਾਅਦ ਪੰਪ ਸਾਫ਼ ਕਰਨ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਕਰਨਾ
- ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ, ਤਾਂ ਫੀਡ ਦੇਣਾ ਜਾਣਦੇ ਕਿਸੇ ਹੋਰ ਵਿਅਕਤੀ ਨੂੰ ਤੁਹਾਡੇ ਬੱਚੇ ਨੂੰ ਐਕਸਪ੍ਰੈਸਡ ਦੁੱਧ ਦੇਣ ਲਈ ਕਹੋ
- ਜੇ ਬੋਤਲ ਦੀ ਵਰਤੋਂ ਕਰ ਰਹੇ ਹੋ ਤਾਂ ਸਟੱਰਲਾਈਜੇਸ਼ਨ ਦੀਆਂ ਹਦਾਇਤਾਂ ਦੀ ਪੂਰੀ ਪਾਲਣਾ ਕਰੋ



## ਕੀ ਮੇਰੇ ਬੱਚੇ ਨੂੰ ਜ਼ੋਖਮ ਹੈ?

ਜਨਮ ਤੋਂ ਬਾਅਦ ਬੱਚੇ ਸੰਭਾਵਤ ਰੂਪ ਵਿਚ ਕਿਸੇ ਵਿਸ਼ਾਣੂੰ ਗ੍ਰਸਤ ਵਿਅਕਤੀ ਤੋਂ ਵਿਸ਼ਾਣੂੰ ਗ੍ਰਸਤ ਹੋ ਸਕਦੇ ਹਨ, ਭਾਵੇਂ ਉਹ ਵਿਅਕਤੀ ਬਿਮਾਰ ਮਹਿਸੂਸ ਨਾ ਕਰਦਾ ਹੋਏ। ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਓਨੀ ਜਲਦੀ ਘਰ ਲੈ ਜਾਓ ਜਿੰਨੀ ਜਲਦੀ ਅਜਿਹਾ ਕਰਨਾ ਸੁਰੱਖਿਅਤ ਹੁੰਦਾ ਹੈ, ਅਤੇ ਸਵੈ-ਅਲਿਹਦਗੀ ਅਤੇ ਸਮਾਜਕ-ਦੂਰੀ ਸਬੰਧੀ ਸਰਕਾਰੀ ਸਲਾਹ ਦੀ ਪਾਲਣਾ ਕਰੋ।

ਤੁਹਾਨੂੰ ਆਪਣੇ ਬੱਚੇ ਨੂੰ ਖਾਸ ਤੌਰ ਤੇ ਉਨ੍ਹਾਂ ਲੋਕਾਂ ਤੋਂ ਦੂਰ ਰੱਖਣਾ ਚਾਹੀਦਾ ਹੈ ਜਿਨ੍ਹਾਂ ਨੂੰ ਖਾਂਸੀ, ਬੁਖਾਰ ਜਾਂ ਵਾਇਰਲ ਦੇ ਹੋਰ ਲੱਛਣ ਹੋਣ ਜਿਵੇਂ ਕਿ ਵੱਗਦਾ ਨੱਕ, ਉਲਟੀਆਂ ਜਾਂ ਦਸਤ ਲੱਗੇ ਹੋਣ।

→

ਵਧੇਰੇ ਜਾਣਕਾਰੀ ਲਈ ਦੂਜੇ ਪਾਸੇ ਦੇਖੋ

# ਕਰੋਨਾ ਵਾਇਰਸ: ਨਵਜਾਤਾਂ ਦੇ ਸਬੰਧ ਵਿਚ ਮਾਪਿਆਂ ਲਈ ਜਾਣਕਾਰੀ

## ਮਿਡਵਾਇਫ਼ ਨਾਲ ਸੰਪਰਕ ਦੇ ਵੇਰਵੇ

ਆਪਣੀ ਮਿਡਵਾਇਫ਼ ਦੇ ਸੰਪਰਕ ਵੇਰਵੇ ਹੇਠਾਂ ਲਿਖੋ:

ਟ੍ਰਾਂਜੀਸ਼ਨਲ ਵਾਰਡ ਵਿਚ ਰਿਹਾ ਹੈ ਤਾਂ ਕਿਰਪਾ ਕਰਕੇ ਬਲਿੱਸ (Bliss) ਵੈਬਸਾਇਟ ਨੂੰ ਦੇਖੋ: **www.bliss.org.uk**

ਨਵਜਾਤਾਂ ਦੇ ਪੀਲੀਏ, ਖੁਰਾਕ ਦੀਆਂ ਮੁਸ਼ਕਲਾਂ ਅਤੇ ਨਵਜਾਤਾਂ ਵਿਚ ਬਿਮਾਰੀ ਦੇ ਹੋਰ ਲੱਛਣਾਂ ਬਾਰੇ ਵਧੇਰੇ ਜਾਣਕਾਰੀ ਨੂੰ www.nhs.uk 'ਤੇ ਜਾ ਕੇ ਅਤੇ 'ਬੱਚਿਆਂ ਵਿਚ ਬਿਮਾਰੀ' ('illness in a baby') ਅਤੇ 'ਨਵਜਾਤਾਂ ਵਿਚ ਪੀਲੀਆ' ('newborn jaundice') ਬਾਰੇ ਖੋਜ ਕਰਕੇ ਦੇਖਿਆ ਜਾ ਸਕਦਾ ਹੈ।

ਗੈਰ-ਆਪਾਤਕਾਲੀਨ ਚਿੰਤਾਵਾਂ ਲਈ ਤੁਸੀਂ **ਐਨ ਐਚ ਐਸ (NHS) 111 ਨੂੰ ਵੀ ਕਾੱਲ ਕਰ ਸਕਦੇ ਹੋ,** ਜੇ ਤੁਸੀਂ ਆਪਣੀ ਮਿਡਵਾਇਫ਼ ਨੂੰ ਸੰਪਰਕ ਕਰਨ ਵਿਚ ਅਸਮਰੱਥ ਹੋ।

## ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਦੇਖੋ

**www.nhs.uk/coronavirus**